...ਨੰ: 3/1/90-1ਵਿ:ਪ4/663 ਮਿਤੀ 4:10:91 ਵਲੋਂ ਪੰਜਾਬ ਸਰਕਾਰ ਵਿੱਤ ਵਿਭ
(ਖਰਚ 4 ਸ਼ਾਖਾ) ਸੇਵਾ ਵਿਖੇ ਸਕੱਤਰ, ਪੰਜਾਬ ਸਰਕਾਰ ਸਿਹਤ ਅਤੇ ਪਰਿਵਾਰ ਭਲਾਈ
ਵਿਭਾਗ ।

*****

ਵਿਸ਼ਾ: ਰਾਜ ਸਰਕਾਰ ਦੇ ਦਫ਼ਤਰਾਂ ਵਿਚ ਪਈਆਂ ਬੇਕਾਰ ਪੁਰਾਣੀਆਂ, ਨਾਂ ਮੁਰੰਮਤ ਯੋਗ/ ਨਾ ਵਰਤੋਂ ਯੋਗ ਸਟੋਰ ਵਸਤਾਂ ਵਿਚ ਦਾ ਨਿਪਟਾਰਾ ਕਰਨ ਸਬੰਧੀ ।

****

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਤੇ ਦਿਵਾਉਂਦੇ ਹੋਏ, ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਰਾਜ ਸਰਕਾਰ ਦੇ ਦਫ਼ਤਰਾਂ ਵਿਚ ਪਈਆਂ ਨਾਂ ਮੁਰੰਮਤ ਯੋਗ/ਨਾ ਵਰਤੋਂ ਯੋਗ ਬੇਕਾਰ, ਪੁਰਾਣੀਆਂ ਵਸਤਾਂ ਦਾ ਨਿਪਟਾਰਾ ਕਰਨ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਸੀ। ਪੰਜਾਬ ਵਿੱਤੀ ਨਿਯਮਾਂਵਲੀ, ਜਿਲਦ 1 ਦੇ ਰੂਲ 15.3 ਵਿਚ ਦਰਜ ਕੀਤੇ ਅਨੁਸੂਚੀ "ਸੀ" ਦੇ ਰੂਲ 4 ਅਤੇ 21 ਵਿਚ ਅਜਿਹੀਆਂ ਵਸਤਾਂ ਨੂੰ ਨਕਾਰਾ ਕਰਾਰ ਦੇਣ ਅਤੇ ਵੇਚਣ/ਡਿਸਪੋਜ਼ ਕਰਨ ਦੇ ਅਧਿਕਾਰ ਦਰਜ ਕੀਤੇ ਹੋਏ ਹਨ। ਇਸ ਵਿਭਾਗ ਨੇ ਉਦਯੋਗ ਵਿਭਾਗ ਦੀ ਸਲਾਹ ਨਾਲ ਉਕਤ ਰੂ ਵਿਚ ਦਰਜ ਅਧਿਕਾਰਾਂ ਵਿਚ ਹੇਠ ਲਿਖੇ ਅਨੁਸਾਰ ਵਾਧਾ ਕਰਨ ਦਾ ਫੈਸਲਾ ਕੀਤਾ ਹੈ ।

1। ਸਟੋਰ ਦੀਆਂ ਜਿਨ੍ਹਾਂ ਵਸਤਾਂ ਦੀ ਕਿਤਾਬੀ ਕੀਮਤ 50,000/- ਰੁਪਏ ਤੋਂ ਵੱਧ ਹੋਵੇਗੀ, ਉਨ੍ਹਾਂ ਨੂੰ ਰਾਜ ਸਰਕਾਰ ਵਲੋਂ ਹਵਾਲਾ ਅਧੀਨ ਰੂਲਾਂ ਅਧੀਨ ਬਣਾਇਆ ਗਿਆ ਕੰਡਮਨੇਸ਼ਨ ਬੋਰਡ ਨਕਾਰਾ ਕਰਾਰ ਦੇਵੇਗਾ ਅਤੇ ਵੇਚੇਗਾ/ਡਿਸਪੋਜ਼ ਕਰੇਗਾ ।

2। ਵਿਭਾਗਾਂ ਦੇ ਮੁਖੀ 50,000/- ਰੁਪਏ ਤੱਕ ਦੀ ਕਿਤਾਬੀ ਕੀਮਤ ਵਾਲੀਆਂ ਵਸਤਾਂ ਨਕਾਰਾ ਕਰਾਰ ਦੇਣ ਅਤੇ ਵੇਚਣ/ਡਿਸਪੋਜ਼ ਕਰਨ ਲਈ ਸਮਰੱਥ ਹੋਣਗੇ ।

3। ਦਫ਼ਤਰਾਂ ਦੇ ਮੁਖੀ 5,000/- ਰੁਪਏ ਤੱਕ ਦੀ ਕਿਤਾਬੀ ਕੀਮਤ ਦੇ ਸਟੋਰ ਦੀਆਂ ਵਸਤਾਂ ਨੂੰ ਨਕਾਰਾ ਕਰਾਰ ਦੇਣ ਅਤੇ ਵੇਚਣ/ਡਿਸਪੋਜ਼ ਕਰਨ ਲਈ ਸਮਰੱਥ ਹੋਣਗੇ ।

4। ਪੰਜਾਬ ਵਿੱਤੀ ਨਿਯਮਾਵਲੀ, ਜਿਲਦ 1 ਦੇ ਰੂਲ 15:3 ਦੇ ਅਨੁਸੂਚੀ "ਸੀ" ਦੇ ਨਿਯਮ 21 ਵਿਚ ਦਰਜ 10,000/- ਰੁਪਏ ਜਾਂ ਵੱਧ ਦੀ ਕਿਤਾਬੀ ਕੀਮਤ ਦੇ ਸਟੋਰ ਨੂੰ ਟੈਂਡਰ ਸਿਸਟਮ ਰਾਹੀਂ ਵੇਚਣ/ਡਿਸਪੋਜ਼ਲ ਦੀ ਹੱਦ ਨੂੰ ਵਧਾ ਕੇ 20,000/- ਰੁਪਏ ਜਾਂ ਇਸ ਤੋਂ ਵੱਧ ਕੀਤਾ ਜਾਂਦਾ ਹੈ। ਭਵਿੱਖ ਵਿਚ ਵਿਭਾਗੀ ਮੁਖੀ ਵੀ ਆਪਣੇ ਅਧਿਕਾਰ ਖੇਤਰ ਵਿਚ (20,000/- ਰੁਪਏ ਤੋਂ 50,000 ਰੁਪਏ ਤੱਕ) ਆਉਂਦੀ ਕਿਤਾਬੀ ਕੀਮਤ ਦੀਆਂ ਵਸਤਾਂ ਨੂੰ ਵੇਚਣ/ਡਿਸਪੋਜ਼ ਕਰਨ ਲਈ, ਕੰਟਰੋਲਰ ਆਫ਼ ਸਟੋਰ ਦੀ ਤਰਾਂ ਖੁਲੀ ਨਿਲਾਮੀ ਦੀ ਥ ਟੈਂਡਰ ਸਿਸਟਮ ਅਪਣਾਉਣਗੇ ।

5। ਵਿਭਾਗਾਂ ਦੇ ਮੁਖੀ ਦਫ਼ਤਰਾਂ ਦੇ ਮੁਖੀ ਕੰਡਮ/ਵੇਚੇ/ਡਿਸਪੋਜ਼ ਕੀਤੇ ਸਾਮਾਨ ਦੇ ਵੇਰਵੇ/...

ਜਾਰੀ:....

ਇਨ੍ਹਾਂ ਹਦਾਇਤਾਂ ਨੂੰ ਪਾਲਣਾ ਲਈ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਵੀ ਭੇਜੀ ਜਾਵੇ ।

*****

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ, ਚੰਡੀਗੜ੍ਹ ।

ਨੰ: 3ਐਸਪੀ-ਪੀ-91/ 12758-76 ਮਿਤੀ 11.10.91

ਉਤਾਰਾ ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨ ਤੇ ਮੈਡੀਕਲ ਸੁਪਰਡੈਂਟ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

Sd/-

ਡਿਪਟੀ ਡਾਇਰੈਕਟਰ(ਐਸਪੀ)

ਵਾਸਤੇ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ